


ਸੇਖਾ ਵਿਖੇ ਸਨਮਾਨ ਸਮਾਰੋਹ ਵਿਚ ਸਨਮਾਨਿਤ ਕਿਸਾਨ ਅਤੇ ਕੰਪਨੀ ਦਾ ਖੇਤੀ ਟੈਕਨੀਸ਼ੀਅਨ ਝੋਨੇ ਦੀ ਸਿੱਧੀ ਬਿਜਾਈ ਦੇ ਲਾਭ ਦੱਸਦਾ ਹੋਇਆ।

ਤਸਵੀਰਾਂ : [illegible]

# ਝੋਨੇ ਦੀ ਸਿੱਧੀ ਬਿਜਾਂਦ ਨਾਲ 30 ਪ੍ਰਤੀਸ਼ਤ ਪਾਣੀ ਦੀ ਬੱਚਤ ਹੁੰਦੀ ਹੈ

## ਪੈਪਸੀਕੋ ਇਡੀਆ ਦੇ ਖੇਤੀ ਮਾਹਿਰਾਂ ਨੇ ਕੀਤਾ ਪ੍ਰਗਟਾਵਾ

ਬਰਨਾਲਾ, 18 ਜੁਲਾਈ (ਧਰਮਿੰਦਰ ਸਿੰਘ ਤਪਾ)-ਪੈਪਸੀਕੋ ਇੰਡੀਆ ਕੰਪਨੀ ਵੱਲੋਂ ਇੱਥੋਂ ਨਜ਼ਦੀਕੀ ਪਿੰਡ ਸੇਖਾ ਵਿਖੇ ਕੰਪਨੀ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਬਦਲੇ ਕਿਸਾਨਾਂ ਦੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਿੱਧੀ ਬਿਜਾਈ ਦੇ ਲਾਭ ਦੱਸਦਿਆਂ ਕੰਪਨੀ ਦੇ ਤਕਨੀਕੀ ਅਫ਼ਸਰ ਜੈ ਦੀਪ ਭਾਟੀਆ, ਵਾਈਸ ਪ੍ਰੈਜ਼ੀਡੈਂਟ ਐਗਰਨੋਮੀ ਪੈਪਸੀਕੋ ਇੰਡੀਆ ਨੇ ਕਿਹਾ ਕਿ ਸਿੱਧੀ ਬਿਜਾਈ ਨਾਲ 30 ਪ੍ਰਤੀਸ਼ਤ ਪਾਣੀ ਦੀ ਬੱਚਤ ਅਤੇ 75 ਪ੍ਰਤੀਸ਼ਤ ਗਰੀਨ ਹਾਊਸ ਗੈਸਾਂ ਦੀ ਘੱਟ ਮਾਤਰਾ ਦੀ ਨਿਕਾਸੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਤੀ ਏਕੜ ਕਾਸ਼ਤਕਾਰ ਦਾ 1500 ਰੁਪਏ ਬਿਜਾਈ ਖ਼ਰਚ ਅਤੇ 50 ਪ੍ਰਤੀਸ਼ਤ ਹੋਰ ਖ਼ਰਚਿਆਂ ਵਿਚ ਕਮੀ ਹੁੰਦੀ ਹੈ। ਇਸ ਮੌਕੇ ਕੰਪਨੀ ਦੇ ਬੁਲਾਰਿਆਂ ਨੇ ਦੱਸਿਆ ਕਿ ਭਾਰਤ ਵਿਚ 80 ਪ੍ਰਤੀਸ਼ਤ ਪਾਣੀ ਦੀ ਖਪਤ ਖੇਤੀਬਾੜੀ ਤੇ ਹੁੰਦੀ ਹੈ। ਜਦੋਂਕਿ ਉਸ ਵਿਚੋਂ 50 ਪ੍ਰਤੀਸ਼ਤ ਕੇਵਲ ਝੋਨੇ ਦੇ ਉਤਪਾਦਨ ਤੇ ਪਾਣੀ-ਖਪਤ ਹੁੰਦੀ ਹੈ ਅਤੇ ਪੰਜਾਬ ਵਿਚ ਖੇਤੀ ਦਾ 80 ਪ੍ਰਤੀਸ਼ਤ ਪਾਣੀ ਖਪਤ ਇਕੱਲੇ ਝੋਨੇ ਦੀ ਫ਼ਸਲ 'ਤੇ ਹੀ ਹੋ ਜਾਂਦਾ ਹੈ। ਪੰਜਾਬ ਵਿਚ ਹੇਠਾਂ ਡਿਗ ਰਹੀ ਪਾਣੀ ਸਤ੍ਹਾ ਨੂੰ ਬਚਾਉਣ ਲਈ ਸਿੱਧੀ ਬਿਜਾਈ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਨੇ ਸੰਨ 2007 ਵਿਚ 150 ਏਕੜ ਜ਼ਮੀਨ ਤੇ ਝੋਨੇ ਦੀ ਸਿੱਧੀ ਬਿਜਾਈ ਕਰਵਾਈ ਸੀ। ਜੋ 2008 ਵਿਚ ਵੱਧ ਕੇ 500 ਏਕੜ ਪਹੁੰਚ ਗਈ ਸੀ ਅਤੇ ਹੁਣ 2012 ਵਿਚ 10500 ਏਕੜ ਰਕਬਾ ਕੰਪਨੀ ਨੇ ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਂਦ ਵਿਚ ਲਿਆਂਦਾ ਹੈ। ਜਦੋਂ ਕਿ ਸਮੁੱਚੇ ਭਾਰਤ ਵਿਚ ਇਹ ਰਕਬਾ 13 ਹਜ਼ਾਰ ਏਕੜ ਹੈ। ਇਸ ਮੌਕੇ ਕਿਸਾਨ ਮਨਦੀਪ ਸਿੰਘ ਪਿੰਡ ਸੇਖਾ, ਗੁਰਮੇਲ ਸਿੰਘ ਸੇਖਾ, ਸੁਖਦੇਵ ਸਿੰਘ ਸੰਗੋਵਾਲ ਮੁਕਤਸਰ, ਪ੍ਰਿਤਪਾਲ ਸਿੰਘ ਫੁੱਲਕਾ, ਮੋਹਣ ਸਿੰਘ, ਚਰਨਜੀਤ ਸਿੰਘ, ਜਸਵੰਤ ਸਿੰਘ ਅਮਰਗੜ੍ਹ, ਮੇਹਰਮ ਸਿੰਘ ਬਰਨਾਲਾ, ਬਲਵਿੰਦਰ ਸਿੰਘ ਸੇਖਾ, ਖੁਸ਼ਹਾਲ ਸਿੰਘ ਆਦਿ ਲਗਾਤਾਰ ਦਰਜਨ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ।